# ELECTION CELL

## Electoral Registration Officer,

**093-BATHINDA RURAL(SC)**

Phone/Fax No. 0164-5005429

Zila Parishad Complex-214

email:: bathindarural093ac@gmail.com


2024117414
ਸੀ-1

ਸੇਵਿੰਗਾ ਸ਼ਰੀ ਦੀਵਾ ਸ਼ਰੀ

No ਚੋਣ/2024/ 1709 Dated 12-9-2024

ਵੱਲ,

1. ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਬਠਿੰਡਾ
2. ਜਿਲ੍ਹਾ ਸਿੱਖਿਆ ਅਫਸਰ (ਐਲੀ.), ਬਠਿੰਡਾ।
3. ਸਬੰਧਤ ਵਿਭਾਗਾਂ ਦੇ ਮੁੱਖੀ।
ਬਠਿੰਡਾ।

ਵਿਸ਼ਾ:- **Door to Door Survey by BLOs during SSR-2025-Regarding.**

ਹਵਾਲਾ: ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰੀ ਪੱਤਰ ਨੰ: ਚੋਣ-2024/5814-19 ਮਿਤੀ 14-08-2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਮਾਣਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋਂ ਯੋਗਤਾ ਮਿਤੀ 01-01-2025 ਦੇ ਆਧਾਰ ਤੇ Pre-Revision Activities ਦਾ Schedule (ਕਾਪੀ) ਪ੍ਰਾਪਤ ਹੋਇਆ ਹੈ। ਜਿਸ ਅਨੁਸਾਰ ਬੀ.ਐਲ.ਓ. ਵੱਲੋਂ ਮਿਤੀ 20-08-2024 ਤੋਂ ਮਿਤੀ 20-09-2024 ਤੱਕ ਘਰ-ਘਰ ਜਾ ਕੇ ਸਰਵੇ ਕੀਤਾ ਜਾਣਾ ਹੈ ਅਤੇ ਫਾਰਮ ਨੰ: 6, 6ਏ, 6ਬੀ, 7 ਅਤੇ 8 ਭਰੇ ਜਾਣੇ ਹਨ। ਉਕਤ ਅਨੁਸਾਰ ਬੀ.ਐਲ.ਓ. ਵੱਲੋਂ ਘਰ-ਘਰ ਜਾ ਕੇ ਕੀਤੇ ਜਾਣ ਵਾਲੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਸਮੂਹ ਦਫਤਰੀ ਸਟਾਫ/ਸਕੂਲ ਦੇ ਟੀਚਿੰਗ/ਨਾਨ ਟੀਚਿੰਗ ਸਟਾਫ ਜਿਨ੍ਹਾਂ ਦੀ ਡਿਊਟੀ 093-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕੇ ਅਧੀਨ ਬਤੌਰ ਬੀ.ਐਲ.ਓ. ਲੱਗੀ ਹੋਈ ਹੈ ਉਨ੍ਹਾਂ ਨੂੰ ਮਿਤੀ 14-09-2024 ਤੋਂ 20-09-2024 ਤੱਕ ਚੋਣ ਡਿਊਟੀ ਲਈ ਦਫਤਰੀ/ਸਕੂਲ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ. ਲੱਗੀ ਹੋਈ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ. ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ (ਸੈਕੰ/ਐਲੀ) ਸਬੰਧਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਮਿੱਥੇ ਸਮੇਂ ਵਿੱਚ ਮੁਕੰਮਲ ਕੀਤਾ ਜਾ ਸਕੇ। ਇਸ ਤੋਂ ਇਲਾਵਾ ਬੀ.ਐਲ.ਓ. ਐਪ ਉਪਰ ਮੌਜੂਦ ਡੀ.ਐਸ.ਈ. (Demographic Similar Entries) ਦਾ ਕੰਮ ਵੀ ਨਾਲ ਹੀ ਮੁਕੰਮਲ ਕਰਨਗੇ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
093-ਬਠਿੰਡਾ ਦਿਹਾਤੀ।

ਪਿੱਠ ਅੰਕਣ ਨੰ. ਚੋਣ/2024/ 1710 ਮਿਤੀ 12/09/2024

ਉਪਰੋਕਤ ਦਾ ਉਤਾਰਾ:

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ।
2. ਸਮੂਹ ਸੁਪਰਵਾਈਜਰ, 093-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓ. ਵੱਲੋਂ ਉਕਤ ਸਰਵੇ ਨਿਰਧਾਰਿਤ ਕੀਤੇ ਗਏ ਸਮੇਂ ਦੇ ਅੰਦਰ-ਅੰਦਰ ਮਾਨਯੋਗ ਪੰਜਾਬ ਚੋਣ ਕਮਿਸ਼ਨ ਦੇ ਪੱਤਰ ਨੰ: Elec-2024/P-7952 ਮਿਤੀ 14-08-2024 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਉਕਤ ਸਰਵੇ ਸਬੰਧੀ ਕੰਮ ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਨਿਮਨਹਸਤਾਖਰ ਨੂੰ ਲਿਖਤੀ ਤੌਰ ਤੇ ਜਾਣੂ ਕਰਵਾਇਆ ਜਾਵੇ।
3. ਸਮੂਹ ਬੀ.ਐਲ.ਓ. 093-ਬਠਿੰਡਾ ਦਿਹਾਤੀ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਮਿੱਥੇ ਸਮੇਂ ਅਨੁਸਾਰ ਘਰ-ਘਰ ਜਾ ਕੇ ਸਰਵੇ ਦਾ ਕੰਮ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ 34-ਬੁਢਲਾਡਾ ਹਲਕਾ ਅਧੀਨ ਆਉਂਦੇ ਬੀ.ਐਲ.ਓ. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਡੋਰ ਟੂ ਡੋਰ ਸਰਵੇ ਦੌਰਾਨ ਐਸ.ਜੀ.ਪੀ.ਸੀ. ਵੋਟਾਂ ਦੇ ਫਾਰਮ ਵੀ ਭਰੇ ਜਾਣ ਅਤੇ ਸਬੰਧਤ ਪਟਵਾਰੀਆਂ/ਕਰਮਚਾਰੀਆਂ ਨੂੰ ਦੇਣੇ ਯਕੀਨੀ ਬਣਾਏ ਜਾਣ।
4. ਚੋਣਕਾਰ ਰਜਿਸਟਰੇਸ਼ਨ ਅਫਸਰ 091-ਬੁਢਲਾਡਾ ਵਿਧਾਨ ਸਭਾ ਹਲਕਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਹਲਕੇ ਦੇ ਜਿਹੜੇ ਪਿੰਡ ਐਸ.ਜੀ.ਪੀ.ਸੀ. ਹਲਕਾ 34-ਬੁਢਲਾਡਾ ਅਧੀਨ ਆਉਂਦੇ ਹਨ ਉਨ੍ਹਾਂ ਬੀ.ਐਲ.ਓ. ਨੂੰ ਹਦਾਇਤ ਕੀਤੀ ਜਾਵੇ ਕਿ ਡੋਰ ਟੂ ਡੋਰ ਸਰਵੇ ਦੌਰਾਨ ਐਸ.ਜੀ.ਪੀ.ਸੀ. ਵੋਟਾਂ ਦੇ ਫਾਰਮ ਵੀ ਭਰੇ ਜਾਣ ਅਤੇ ਸਬੰਧਤ ਪਟਵਾਰੀਆਂ/ਕਰਮਚਾਰੀਆਂ ਨੂੰ ਦੇਣ ਯਕੀਨੀ ਬਣਾਏ ਜਾਣ।

ਚੋਣਕਾਰ ਰਜਿਸਟਰੇਸ਼ਨ ਅਫਸਰ,
093-ਬਠਿੰਡਾ ਦਿਹਾਤੀ।

**ਦਫਤਰ ਜਿਲਾ ਸਿਖਿਆ ਅਫ਼ਸਰ(ਸੈ.ਸਿ) ਬਠਿੰਡਾ**

ਪਿਠਅੰਕਣ ਨੰ: ਗਜਟ/1( )2024/ 1939 ਮਿਤੀ 13.9.2024

ਉਪਰੋਕਤ ਦਾ ਉਤਾਰਾ ਸੰਬਧਤ ਸਕੂਲ ਮੁਖੀਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਜਿਲਾ ਸਿਖਿਆ ਅਫ਼ਸਰ (ਸੈ ਸਿ)
ਬਠਿੰਡਾ

13/9/24